(i) **Printed Pages : 4** **Roll No. ..................................**

(ii) **Questions : 8** **Sub. Code : 0 3 0 9**

**Exam. Code : 0 0 0 4**

**B.A./B.Sc. (General) 4th Semester**

**1048**

**PUNJABI (Elective)**

**Time Allowed : Three Hours]** **[Maximum Marks : 90**

**ਨੋਟ :–** (1) ਸੁੰਦਰ ਅਤੇ ਸਾਫ਼ ਲਿਖਾਈ ਵਿੱਚ ਉੱਤਰ ਦੇਣ ਵਾਲੇ ਵਿਦਿਆਰਥੀਆਂ ਨੂੰ ਉਤਸਾਹਿਤ ਕੀਤਾ ਜਾਵੇਗਾ।

(2) ਛੋਟੇ ਉੱਤਰਾਂ ਵਾਲੇ ਪ੍ਰਸ਼ਨ ਤਰਤੀਬਵਾਰ ਇਕ ਥਾਂ ਇਕਸਾਰ ਉੱਤਰ ਦਿੱਤੇ ਜਾਣ।

I. ਹੇਠ ਲਿਖੇ ਕਾਵਿ-ਟੁਕੜਿਆਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਦੋਵੈਂ ਬਾਪ ਦੋਵੈਂ ਮਾਇ ਕਾਨ੍ਹ ਦੀ ਨਾ ਇੱਕ ਜਾਇ,
ਕੋਈ ਆਖੇ ਦੇਵਕੀ ਜਸੋਧਾ ਦਾ ਕਹਾਉਂਦਾ॥
ਕੋਈ ਆਖੇ ਬਾਸਦੇਵ ਜਾਇਆ ਹੈ ਖਿਡਾਇਆ ਨੰਦ,
ਕੋਈ ਆਖੇ ਨੰਦ ਹੀ ਦਾ ਨੰਦ ਹੈ ਸਦਾਉਂਦਾ॥
ਸੁੰਦਰ ਗੰਭੀਰ ਕੋਈ ਜ਼ਾਤ ਦਾ ਅਹੀਰ ਆਖੇ,
ਟੋਲ ਭਾਲ ਹਾਰੇ ਸਾਰੇ ਅੰਤ ਨਹੀਂ ਆਉਂਦਾ॥
ਸੋਧਾਂ ਕੀ ਸੁਣਾਵੈ, ਜੈਂਦਾ ਅੰਤ ਨਹੀਂ ਆਵੈ,
ਸੇਸ਼ ਨਾਗ ਲੈ ਲੈ ਕਈ ਨਾਮ ਰਾਤਿ ਦਿਨੇ ਗਾਉਂਦਾ॥

**ਜਾਂ**

ਆਸ਼ਕ ਜੇਡ ਬਿਅਕਲ ਨ ਕੋਈ, ਜਿਨ ਜਾਣ ਸਮਝ ਨਿੱਤ ਤਪਣਾ।
ਬੇਦ ਕੁਰਾਨ ਪੜੇ ਜਗ ਸਾਰਾ, ਓਸ ਨਾਮ ਜਾਨੀ ਦਾ ਜਪਣਾ।
ਆਤਸ਼ ਲੈਣ ਬਿਗ਼ਾਨੇ ਘਰ ਦੀ, ਤੇ ਫੂਕ ਦੇਵਣ ਘਰ ਆਪਣਾ।
ਹਾਸ਼ਮ ਸ਼ਾਹ ਕੀ ਹਾਸਲ ਇਸ਼ਕੋਂ, ਐਵੇਂ ਮੁਫ਼ਤ ਬਿਰਹੋਂ ਵਿੱਚ ਖਪਣਾ। 10

II. ਹੇਠ ਲਿਖੇ ਕਾਵਿ ਟੋਟਿਆਂ ਵਿੱਚੋਂ ਕਿਸੇ **ਇੱਕ** ਦੀ ਸਾਹਿਤਿਕ ਆਲੋਚਨਾ ਕਰੋ :

ਕਾਫ਼ ਕਹਿਰ ਹੋਈ ਤਕਸੀਰ ਮੈਥੋਂ, ਰਾਣੀ ਖੋਲ੍ਹ ਕੇ ਸੱਚ ਸੁਣਾਇਆ ਈ।
ਭੁੱਲਾ ਪੂਰਨ ਨਾਹੀਂ, ਭੁੱਲੀ ਮੈਂ ਭੈੜੀ, ਜਦੋਂ ਮਿਲਣ ਮਹਿਲੀਂ ਮੈਨੂੰ ਆਇਆ ਈ।
ਗੱਲਾਂ ਕੀਤੀਆਂ ਮੈਂ ਆਪ-ਹੁਦਰੀਆਂ ਨੀ, ਤੁਹਮਤਿ ਲਾਇ ਕੇ ਲਾਲ ਕਹਾਇਆ ਈ।
ਕਾਦਰਯਾਰ ਸਲਵਾਹਨ ਜਾਂ ਗੱਲ ਸੁਣੀ, ਲੋਹੂ ਫੁੱਟ ਨੈਣਾਂ ਵਿੱਚੋਂ ਆਇਆ ਈ।

**ਜਾਂ**

ਪੇਚਾਂ ਲਿਖਿਆ ਸਾਰੀਆਂ ਪੜਤਲਾ ਨੂੰ, ਸਾਡੀ ਅੱਜ ਹੈ ਵੱਡੀ ਚੜੰਤ ਮੀਆਂ।
ਵੀਰ ਸਿੰਘ ਨੂੰ ਮਾਰਿਆ ਡਾਹ ਤੋਪਾਂ, ਨਹੀਂ ਛੱਡਿਆ ਸਾਧ ਤੇ ਸੰਤ ਮੀਆਂ।
ਅਸਾਂ ਮਾਰੇ ਚੌਫੇਰ ਦੇ ਕਿਲੇ ਭਾਰੇ, ਅਸਾਂ ਮਾਰਿਆ ਕੁੱਲੂ ਭਟੰਤ ਮੀਆਂ।
ਸ਼ਾਹ ਮੁਹੰਮਦਾ ਗਲ ਤਾਂ ਸੋਈ ਹੋਣੀ ਜਿਹੜੀ ਕਰੇਗਾ ਖਾਲਸਾ ਪੰਥ ਮੀਆਂ।
10

III. 'ਭੱਤਾ' ਕਹਾਣੀ ਦਾ ਵਿਸ਼ਾ-ਵਸਤੂ ਵਿਸਤਾਰ ਵਿੱਚ ਲਿਖੋ।

**ਜਾਂ**

'ਗੋਈ' ਕਹਾਣੀ ਵਿੱਚ ਪੇਸ਼ ਹੋਏ ਪਾਤਰਾਂ ਨਾਲ ਵਿਸਤਾਰ ਵਿੱਚ ਜਾਣ-ਪਹਿਚਾਣ ਕਰਵਾਉ। 10

IV. 'ਜ਼ੀਨਤ ਆਪਾ' ਕਹਾਣੀ ਦੀ ਸਾਹਿਤਿਕ ਆਲੋਚਨਾ ਕਰੋ।

**ਜਾਂ**

'ਸ਼ੇਰਨੀਆਂ' ਕਹਾਣੀ ਦੀ ਸਾਹਿਤਿਕ ਆਲੋਚਨਾ ਕਰੋ। 10

V. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ **ਪੰਜ** ਪ੍ਰਸ਼ਨਾਂ ਦੇ ਉੱਤਰ ਦਿਉ। ਉੱਤਰ **ਤਿੰਨ-ਚਾਰ** ਸਤਰਾਂ ਤੋਂ ਵੱਧ ਨਾ ਹੋਵੇ :

(1) ਮਾਰੂਥਲ ਵਿੱਚ ਭਟਕ ਰਹੀ ਸੱਸੀ ਦੀ ਹਾਲਤ ਹਾਸ਼ਮ ਨੇ ਕਿਵੇਂ ਬਿਆਨ ਕੀਤੀ ਹੈ, ਆਪਣੇ ਸ਼ਬਦਾਂ ਵਿੱਚ ਲਿਖੋ।

(2) ਰਾਧਾ ਨੂੰ ਕ੍ਰਿਸ਼ਨ ਦੀਆਂ ਕਿਹੜੀਆਂ-ਕਿਹੜੀਆਂ ਗੱਲਾਂ ਟੇਢੀਆਂ ਲਗਦੀਆਂ ਹਨ ?

(3) ਪੂਰਨ ਭਗਤ ਦੇ ਮਾਤਾ ਪਿਤਾ ਕੌਣ ਸਨ ਤੇ ਪੂਰਨ ਉਹਨਾਂ ਨੂੰ ਕਿਥੇ ਮਿਲਿਆ ?

(4) ਮੁਦਕੀ ਦੀ ਲੜਾਈ ਵਿੱਚ ਕੀ ਕੁਝ ਵਾਪਰਿਆ ?

(5) ਵਿਆਹ ਤੋਂ ਪਿਛੋਂ ਮੇਜਰ ਅਰੋੜਾ ਤੇ ਉਸਦੀ ਪਤਨੀ ਨੇ ਕਿਸ ਤਰ੍ਹਾਂ ਸਬਰ ਕੀਤਾ ?

(6) ਨੱਚ ਰਹੀ ਮੁਨੋਂ ਨੂੰ ਦੇਖ ਕੇ ਨੌਜਵਾਨ ਕੀ-ਕੀ ਗੱਲਾਂ ਕਰਦੇ ਹਨ ?

(7) ਕਬਰਾਂ ਤੋਂ ਸਿਵਿਆਂ ਤੱਕ ਕਹਾਣੀ ਵਿੱਚ ਕਿਹੜੀ ਸਮੱਸਿਆ ਪੇਸ਼ ਹੋਈ ਹੈ ?

(8) ਚਾਚੀ ਨੂੰ ਚਾਚਾ ਜੀ ਵਿਰੁਧ ਕਿਹੜੀਆਂ ਸ਼ਿਕਾਇਤਾਂ ਸਨ ?

$2 \times 5 = 10$

VI. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ **ਚਾਰ** ਪ੍ਰਸ਼ਨਾਂ ਦੇ ਉੱਤਰ ਦਿਉ :

(1) ਉਨੀਵੀਂ ਸਦੀ ਵਿੱਚ ਲਿਖਿਆਂ ਗਈਆਂ ਵਾਰਾਂ ਦੇ ਨਾਮ ਲਿਖੋ।

(2) ਉਨੀਵੀਂ ਸਦੀ ਵਿੱਚ ਰਚੀ ਗਈ ਸ਼ਾਹਕਾਰ ਰਚਨਾ ਜੰਗਨਾਮੇ ਨਾਲ ਜਾਣ-ਪਹਿਚਾਣ ਕਰਵਾਉ।

(3) 1701-1900 ਈ. ਤੱਕ ਪ੍ਰਚਲਤ ਪੰਜਾਬੀ ਵਾਰਤਕ ਰੂਪਾਂ ਦੀ ਜਾਣਕਾਰੀ ਦਿਉ।

(4) ਮੱਧਕਾਲ ਵਿੱਚ ਉਪਜੀਆਂ ਕਾਵਿ ਪ੍ਰਵਿਰਤੀਆਂ ਦੇ ਨਾਮ ਲਿਖੋ।

(5) ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਲਿਖਣ ਵਾਲੇ ਪੰਜ ਲੇਖਕਾਂ ਦੇ ਨਾਮ ਲਿਖੋ।

(6) ਈਸਾਈ ਮਿਸ਼ਨਰੀਆਂ ਦੀ ਪੰਜਾਬੀ ਸਾਹਿਤ ਨੂੰ ਕੀ ਦੇਣ ਹੈ ?

5×4=20

VII. ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ** ਤੇ ਨੋਟ ਲਿਖੋ :

ਸਾਹਿਤ ਅਤੇ ਮਨੋਵਿਗਿਆਨ

**ਜਾਂ**

ਸਾਹਿਤ ਅਤੇ ਸ਼ੈਲੀ। 10

VIII. ਭਾਸ਼ਾ ਅਤੇ ਉਪਭਾਸ਼ਾ ਦਾ ਅੰਤਰ ਸਪਸ਼ਟ ਕਰਦਿਆਂ ਵਿਸਥਾਰ ਵਿੱਚ ਜਾਣਕਾਰੀ ਦਿਉ।

**ਜਾਂ**

ਪੰਜਾਬੀ ਸਾਹਿਤ ਵਿੱਚ ਪ੍ਰਚਲਤ ਉਪਭਾਸ਼ਾਵਾਂ ਦੇ ਪਛਾਣ ਚਿੰਨ੍ਹ ਦੱਸਦੇ ਹੋਏ ਸੰਖੇਪ ਵਿੱਚ ਵਰਣਨ ਕਰੋ। 10